# ਨੀਲਾ ਅਸਮਾਨ ਵਲ। ਸੰਗਤਰੀ ਜਾਂਘ ਵਲ।

## ਮੈਂ EpiPen® ਅਤੇ EpiPen® Jr ਦੀ ਵਰਤੋਂ ਕਿਵੇਂ ਕਰਾਂ।

EpiPen® ਏਪੀਪੈਨ ਨੂੰ ਆਟੋ-ਇੰਜੈਕਟਰ ਨੂੰ ਟਿਊਬ ਡਬੀ ਵਿਚੋਂ ਕਢੋ ਅਤੇ ਦੋ ਸਰਲ ਤਰੀਕੇ ਅਪਣਾਉ।



ਨੀਲਾ ਅਸਮਾਨ ਵਲ।

- ਸੰਗਤਰੀ ਸਿਰੇ ਨੂੰ ਥੱਲੇ ਵਲ ਕਰਦਿਆ ਮਜ਼ਬੂਤੀ ਨਾਲ ਪਕੜੇ ਰਖੋ।
- ਨੀਲੇ ਸੇਫਟੀ ਢੱਕਣ ਨੂੰ ਉਪਰ ਵਲ ਖਿਚਕੇ ਹਟਾ ਦੇਵੋ। ਇਸਨੂੰ ਵਿੰਗਾ ਨਾ ਕਰੋ ਨਾਂ ਹੀ ਮਰੋੜੋ।



ਸੰਗਤਰੀ ਜਾਂਘ ਵਲ।

- ਘੁਮਾਉ ਅਤੇ ਸੰਗਤਰੀ ਰੰਗ ਦੇ ਸਿਰੇ ਨੂੰ ਜਾਂਘ ਦੇ ਬਾਹਰਲੇ ਪਾਸੇ, ਵਿਚਕਾਰਲੇ ਹਿੱਸੇ ਵਿਚ ਤਦ ਤੱਕ ਦਬਾਉ ਜਦ ਤਕ ਕਲਿਕ ਦੀ ਅਵਾਜ਼ ਸੁਣਾਈ ਨਾ ਦੇਵੇ।
- ਕੁਝ ਸਕਿੰਟਾਂ ਲਈ ਜਾਂਘ ਤੇ ਰੱਖੇ ਰਹੋ।



### ਬਣੀ ਬਣਾਈ ਸੂਈ ਸੁਰੱਖਿਆ

- ਇੰਜੈਕਸ਼ਨ ਤੋਂ ਬਾਦ ,ਸੰਗਤਰੀ ਕਵਰ ਆਪਣੇ ਆਪ ਫੈਲ ਜਾਵੇਗਾ ਇਹ ਯਕੀਨੀ ਬਨਾਉਣ ਲਈ ਕਿ ਸੂਈ ਕਦੇ ਵੀ ਖੁਲੀ ਨਹੀ ਛਡੀ ਗਈ।

EpiPen® ਨੂੰ ਵਰਤਣ ਤੋਂ ਬਾਦ, ਤੁਹਾਨੂੰ ਜਲਦੀ ਨਾਲ ਮੈਡੀਕਲ ਸਹਾਇਤਾ ਲਭਣੀ ਚਾਹੀਦੀ ਹੈ ਜਾਂ ਐਮਰਜੈਂਸੀ ਰੂਮ ਚਲੇ ਜਾਵੋ। ਅਗਲੇ 48 ਘੰਟਿਆ ਵਾਸਤੇ, ਤੁਸੀਂ ਜ਼ਰੂਰ ਹੀ ਹੈਲਥ ਕੇਅਰ ਫਸਿਲਟੀ ਦੇ ਕੋਲ ਰਹੋ ਜਾਂ 911 ਨੰਬਰ ਘੁੰਮਾਉਣ ਲਈ ਯੋਗ ਹੋਵੋ।

EpiPen® (Epinephrine) Auto-Injectors 0.3/0.15mg

Trusted for over 25 years.

# ਜਾਣਕਾਰੀ ਰੱਖੋ। ਤਿਆਰ ਰਹੋ।

## ਗਾਹਕ ਵਾਲੀ ਸਾਈਟ ਤੇ ਜਾਵੋ EpiPen.ca:

- ਸਾਇਨ ਅੱਪ ਕਰੋ ਮਿਆਦ ਯਾਦ ਕਰਾਉਣ ਦੀ ਮੁਫਤ ਸੇਵਾ ਲਈ
- ਮੁਫਤ ਜਾਣਕਾਰੀ ਲਈ ਮੁਫਤ EpiPen® ਆਪਣੇ ਪਰਿਵਾਰ, ਦੋਸਤਾਂ ਅਤੇ ਦੇਖਭਾਲ ਕਰਨ ਵਾਲੇ ਲਈ ਟਰੇਨਿੰਗ ਕਿਟ ਅਤੇ ਸਿਖਿਆ ਵਾਸਤੇ ਕਿਤਾਬਚਾ ਲੈਣ ਲਈ ਬੇਨਤੀ ਕਰੋ।
- ਐਨਾਫੀਲੈਕਸਸ (anaphylaxis) ਦੇ ਸੰਕੇਤ ਤੇ ਲੱਛਣਾਂ ਬਾਰੇ ਸਿਖਿਆ ਪ੍ਰਾਪਤ ਕਰੋ।
- ਸਰੋਤਾਂ ਦੀ ਮਿਆਦੀ ਨਵੀ ਜਾਣਕਾਰੀ ਵਾਸਤੇ ਈਮੇਲ ਲਈ ਰਜਿਸਟਰ ਹੋਵੋ।

## ਹੋਰ ਸੂਚਨਾਵਾਂ ਅਤੇ ਸਰੋਤ

- Food Allergy Canada: **foodallergycanada.ca**
- Allergy Asthma Information Association: **aaia.ca**
- Allergy, Asthma & Immunology Society of Ontario: **allergyasthma.on.ca**
- Allergies Québec: **allergies-alimentaires.org**
- The Association of Allergists and Immunologists of Québec: **allerg.qc.ca**

EpiPen® ਅਤੇ EpiPen® Jr (epinephrine) ਆਟੋ-ਇੰਨਜੈਕਟਰਜ਼ ਉਨ੍ਹਾਂ ਮਰੀਜ਼ਾਂ ਨੂੰ ਜਿਨ੍ਹਾਂ ਵਿਚ ਐਨਾਫੀਲੈਕਸਿਜ਼ (anaphylaxis) ਦੀ ਪ੍ਰਤੀਕਿਰਿਆ ਵਧਣ ਦਾ ਅੰਦੇਸ਼ਾ ਹੁੰਦਾ ਹੈ, ਐਨਾਫੀਲੈਕਟਿਕ (anaphylactic) ਐਮਰਜੈਂਸੀ ਇਲਾਜ ਵਾਸਤੇ ਸੂਚਿਤ ਕਰਦੇ ਹਨ, ਇਸ ਵਿਚ ਉਹ ਵਿਅਕਤੀ ਵੀ ਸ਼ਾਮਲ ਹਨ ਜਿਨਾਂ ਵਿਚ ਐਨਾਫੀਲੈਕਟਿਕ(anaphylactic) ਪ੍ਰਤੀਕਿਰਿਆ ਦਾ ਪੁਰਾਣਾ ਰੋਗ ਹੈ। ਮਰੀਜ਼ ਦੇ ਸਰੀਰਕ ਭਾਰ ਦੇ ਹਿਸਾਬ ਨਾਲ ਮਾਤਰਾ ਦੀ ਤਾਕਤ ਦਾ ਹਿਸਾਬ ਲਗਾ ਕੇ ਚੁਣਿਆ ਜਾਂਦਾ ਹੈ।

EpiPen® ਅਤੇ EpiPen® Jr ਆਟੋ-ਇੰਜੈਕਟਰਜ਼ ਸਿਰਫ ਐਮਰਜੈਂਸੀ ਇਲਾਜ਼ ਲਈ ਸਹਾਈ ਹੋਣ ਲਈ ਹੀ ਹੈ। ਇਹ ਅਗਲੇਰੀ ਦਵਾਈ ਜਾਂ ਹਸਪਤਾਲ ਦੀ ਦੇਖਭਾਲ ਦਾ ਬਦਲ ਨਹੀਂ ਹਨ। ਦਵਾਈ ਦੇਣ ਤੋਂ ਬਾਅਦ, ਮਰੀਜ਼ਾਂ ਨੂੰ ਫੌਰਨ ਚਿਕਿਤਸਾ ਸਹਾਇਤਾ ਮੰਗਣੀ ਚਾਹੀਦੀ ਹੈ ਜਾਂ ਐਮਰਜੈਂਸੀ ਰੂਮ ਵਿਚ ਜਾਣਾ ਚਾਹੀਦਾ ਹੈ। ਅਗਲੇ 48 ਘੰਟਿਆਂ ਲਈ ਮਰੀਜ਼ਾਂ ਨੂੰ ਕਿਸੇ ਸੇਹਤ ਦੇਖਭਾਲ ਸਹੂਲਤ ਕੇਂਦਰ (ਹੈੱਲਥਕੇਅਰ ਫੈਸਿਲੀਟੀ) ਦੇ ਨੇੜੇ ਰਹਿਣਾ ਚਾਹੀਦਾ ਹੈ ਜਾਂ ਜਿਥੋਂ ਓਹ 911 ਨੂੰ ਫੋਨ ਕਰ ਸਕਣ। ਇਹ ਵਸਤੂ ਤੁਹਾਡੇ ਲਈ ਠੀਕ ਹੈ, ਇਹ ਪੱਕਾ ਕਰਨ ਲਈ ਹਮੇਸ਼ਾਂ ਲੇਬਲ ਨੂੰ ਪੜ੍ਹੋ ਅਤੇ ਉਸ ਅਨੁਸਾਰ ਚੱਲੋ। ਕਿਰਪਾ ਕਰਕੇ ਆਪਣੇ ਵਸਤੂ ਪੈਕਟ ਵਿੱਚ ਦਿੱਤੇ ਗਾਹਕ ਜਾਣਕਾਰੀ ਪੱਤਰ ਨੂੰ ਪੂਰੀ ਖੁਰਾਕ ਅਤੇ ਦੇਣ ਦੇ ਤਰੀਕਿਆਂ ਲਈ ਪੜ੍ਹ ਲਉ।

ਐਪੀਪੈਨ ਦੀ ਹਦਾਇਤਾਂ ਵਾਲੀ ਸੂਚੀ ਦਾ ਅਨੁਵਾਦ ਤੇ ਸ਼ਬਦਾਂ ਦੀ ਛਾਣਬੀਣ ਪਾਬ (PAAB) ਦੇ ਮਾਨਤਾ ਪ੍ਰਾਪਤ ਐਪਸ  ਵਲੋਂ ਕੀਤੀ ਗਈ ਹੈ।

© 2016 Pfizer Canada Inc., Kirkland, Quebec H9J 2M5 • Toll free: 1-877-EPIPEN1 (1-877-374-7361)
EpiPen®, EpiPen® Jr are registered trademarks of Mylan, Inc. licensed exclusively to its wholly-owned affiliate, Mylan Specialty, L.P.; sub-licensee, Pfizer Canada Inc., Kirkland, Quebec H9J 2M5

Pfizer

PAAB

MEMBER OF INNOVATIVE MEDICINES CANADA

D000054514

EPIPEN®
(Epinephrine) Auto-Injectors 0.3/0.15mg

Trusted for over 25 years.